ਭਾਰਤੀ ਸਿਨੇਮਾ ਦੇ ਪਰਦੇ ’ਤੇ ਇਹ ਬਿਮਾਰੀਆਂ ਹਨ ਜਾਂ ਮਜ਼ਾਕ!

ਛਮਛਮ ਅੱਖਾਂ ਬਰਸਦੀਆਂ ਰਹੀਆਂ, ਮਨ ਤੋਂ ਜਿਵੇਂ ਉਨ੍ਹਾਂ ਦੀ ਬੱਸ ਹੀ ਨਾ ਹੋਵੇ। ਟਿਸ਼ੂ ਪੇਪਰ ਦਾ ਮੇਰਾ ਛੋਟਾ ਜਿਹਾ ਪੁਲੰਦਾ ਗਿੱਲੇ ਕਾਗਜ਼ਾਂ ਦੀ ਲੁਗਦੀ ਬਣ ਗਿਆ। ਮੇਰੇ ਦੋਵੇਂ ਪਾਸੇ ਬੈਠੇ ਹੋਏ ਦੋਸਤ ਵੀ ਉਨਾ ਹੀ ਖੁਸ਼ ਹੋਏ ਅਤੇ ਤਕਲੀਫ ਵੀ ਮਹਿਸੂਸ ਕੀਤੀ।...ਅਤੇ ਹੁਣ ਤਕ ਮੈਂ, ‘ਮਾਈ ਨੇਮ ਇਜ਼ ਖਾਨ, ਅੱਧੀ ਵੀ ਨਹੀਂ ਦੇਖੀ ਹੈ।’ ਮੈਂ ਉਨਾ ਦੁਖੀ ਵਿਚਾਰਿਆਂ ਰੋਂਦੜਾਂ ਵਿਚੋਂ ਹਾਂ, ਜੋ ਟੀ.ਵੀ. ਦੇ ਵਚਿੱਤਰ ਸੀਰੀਅਲ ਦੇਖ ਕੇ ਵੀ ਰੋਂਦੇ ਹਨ। ਹੁਣ ਬਾਹਰ ਆ ਕੇ ਦਿਨ ਦੀ ਸਮੁੱਚੀ ਰੋਸ਼ਨੀ ਵਿਚ ਉਹ ਸਾਰੇ ਅੱਥਰੂ ਅਤੇ ਭਾਵਨਾਵਾਂ ਅਚਾਨਕ ਫਿਰ ਚੋਟ ਕਰ ਰਹੀਆਂ ਹਨ। ਕੀ ਅਸੀਂ ਹੁਣੇ ਹੁਣੇ ਤਿੰਨ ਘੰਟੇ ਤਕ ਆਪਣੇ ਸਾਹਮਣੇ ਇਕ ਝੂਠ ਖੁੱਲ੍ਹਦਾ ਹੋਇਆ ਦੇਖਿਆ ਹੈ? ਸ਼ਾਹਰੁਖ ਦੀ ਇਤਿਹਾਸ ਦੀ ਸੀਮਿਤ ਜਿਹੀ ਸਮਝ ਹੋਰ ਪ੍ਰਤਿਕ੍ਰਿਆਵਾਂ ਨਾਲ ਭਰੀ ਹੈ, ਉਨ੍ਹਾਂ ਦੇ ਅਭਿਨੈ ਦੇ ਕੁਝ ਅਨੂਠੇ ਪਲ ਹਨ, ਪਰ ਜਾਣੇ ਜਾਂਦੇ ਸਿਤਾਰਿਆਂ ਨੂੰ ਇਸਦੇ ਲਈ ਦੋਸ਼ ਨਹੀਂ ਦਿੱਤਾ ਜਾ ਸਕਦਾ। ਮੁਸ਼ਕਿਲ
ਸਕ੍ਰਿਪਟ ਅਤੇ ਨਿਰਦੇਸ਼ਕ ਦੀ ਹੈ।

ਮੇਰੀ ਮੁਸ਼ਕਿਲ ਹੈ ਕਿ ਜਿਸ ਤਰ੍ਹਾਂ ਨਾਲ ਏਸਪਰਗਰ ਸਿੰਡ੍ਰੋਮ ਨਾਲ ਪੀੜਿਤ ਮੁੱਖ ਚਰਿੱਤਰ ਨੂੰ ਦਿਖਾਇਆ ਗਿਆ ਹੈ। ਏਸਪਰਗਰ ਸਿੰਡ੍ਰੋਮ ਆਟਿਜ਼ਮ ਦਾ ਸਭ ਤੋਂ ਹਲਕਾ ਸਵਰੂਪ ਹੈ। ਇਸਦੇ ਬਾਵਜੂਦ ਖਾਨ ਬਹੁਤ ਸਾਰੀਆਂ ਬੀਮਾਰੀਆਂ ਦੀ ਖਾਣ ਨਜ਼ਰ ਆਉਂਦਾ ਹੈ। ਉਸ ਵਿਚ ਆਬਸੈਸਿਵ ਕੰਪਲਸਿਵ ਡਿਸਆਰਡਰ ਦੇ ਲਛਣ ਵੀ ਦਿਸਦੇ ਹਨ। ਪਰਦੇ ’ਤੇ ਖਾਨ ਬਹੁਤ ਵਚਿੱਤਰ ਤਰੀਕੇ ਨਾਲ ਚਲਦਾ ਹੈ ਜੋ ਇਕ ਕਿਸਮ ਦੇ ਨਿਉਰਾਲੋਜੀਕਲ ਡਿਸਆਰਡਰ ਦਾ ਵੀ ਲਛਣ ਨਜ਼ਰ ਆਉਂਦਾ ਹੈ। ਉਸਦਾ ਸਿਰ ਲਗਾਤਾਰ ਇਕ ਪਾਸੇ ਨੂੰ ਝੁਕਿਆ ਰਹਿੰਦਾ ਹੈ। ਉਸ ਦੀਆਂ ਅੱਖਾਂ ਵਿਚ ਕੋਈ ਭਾਵ ਨਹੀਂ ਹੁੰਦਾ ਅਤੇ ਉਹ ਕਿਸੇ ਦੀਆਂ ਵੀ ਅੱਖਾਂ ਵਿਚ ਦੇਖ ਕੇ ਗੱਲ ਨਹੀਂ ਕਰਦਾ। ਆਟਿਜ਼ਮ ਦੇ ਜ਼ਿਆਦਾ ਗੰਭੀਰ ਮਾਮਲਿਆਂ ਵਿਚ ਇਹੋ ਜਿਹੇ ਲਛਣ ਹੁੰਦੇ ਹਨ। ਹੈਰਾਨੀ ਨਹੀਂ ਕਿ ਆਟਿਜ਼ਮ ਨਾਲ ਪੀੜਿਤ ਬੱਚਿਆਂ ਵਾਲੇ ਕੁਝ ਪਰਿਵਾਰਾਂ ਨੇ ਇਸ ਫਿਲਮ ’ਤੇ ਇਤਰਾਜ਼ ਕੀਤਾ ਹੋਵੇਗਾ।

ਅਚਾਨਕ ਅਲਗ-ਅਲਗ ਰੂਪਾਂ ਵਿਚ ਅਪੰਗਤਾ ਪਾਪੂਲਰ ਸਿਨੇਮੇ ਦਾ ਸਭ ਤੋਂ ਚਰਚਿਤ ਵਿਸ਼ਾ ਬਣ ਗਿਆ ਹੈ। ਹਾਲ ਦੇ ਸਾਲਾਂ ਵਿਚ ਇਹੋ ਜਿਹੀਆਂ ਫਿਲਮਾਂ ਦਾ ਹੜ੍ਹ ਜਿਹਾ ਆ ਗਿਆ ਹੈ, ਜਿਸਦਾ ਮੁੱਖ ਚਰਿੱਤਰ ਅਲਗ-ਅਲਗ ਤਰ੍ਹਾਂ ਦੀ ਅਪੰਗਤਾ

ਨਾਲ ਪੀੜਿਤ ਹੈ, ਜਿਵੇਂ ਪਾ, ਤਾਰੇ ਜਮੀਂ ਪਰ, ਬਲੈਕ, ਖਾਮੋਸ਼ੀ, ਕੋਈ ਮਿਲ ਗਯਾ ਆਦਿ। ਅਗਾਮੀ ਫਿਲਮ ਗੁਜਾਰਿਸ਼ ਵਿਚ ਰਿਤਿਕ ਰੋਸ਼ਨ ਵੀਲ੍ਹ ਚੇਅਰ ’ਤੇ ਹੀ ਰਹਿੰਦਾ ਹੈ। ਅਨੁਰਾਗ ਬਾਸੂ ਦੀ ਨਵੀਂ ਫਿਲਮ ਵਿਚ ਰਣਬੀਰ ਕਪੂਰ ਨੇ ਇਕ ਗੂੰਗੇ ਦਾ ਕਿਰਦਾਰ ਨਿਭਾਇਆ ਹੈ ਅਤੇ ਮੇਰਾ ਯਕੀਨ ਹੈ ਕਿ ਅਪੰਗਤਾ ਤੇ ਹੀ ਹੋਰ ਵੀ ਬਹੁਤ ਸਾਰੀਆਂ ਫਿਲਮਾਂ ਹਾਲੇ ਬਣਨ ਦੀ ਪ੍ਰਕ੍ਰਿਆ ਵਿਚ ਹਨ। ਬੇਸ਼ੱਕ ਇਸਦੇ ਪਿੱਛੇ ਹਾਲੀਵੁੱਡ ਹਮੇਸ਼ਾ ਲਈ ਇਕ ਪ੍ਰੇਰਣਾ ਸ੍ਰੋਤ ਰਿਹਾ ਹੈ ਅਤੇ ਹੁਣ ਵੀ ਹੈ। ਅਮਰੀਕਾ ਅਤੇ ਯੂਰਪ ਦੇ ਅਭਿਨੇਤਾ ਇਹੋ ਜਿਹੇ ਕਿਰਦਾਰਾਂ ਵਲ ਆਕ੍ਰਸ਼ਿਤ ਹੁੰਦੇ ਰਹਿੰਦੇ ਹਨ ਕਿਉਂਕਿ ਉਹ ਚੁਣੌਤੀਪੂਰਣ ਭੂਮਿਕਾਵਾਂ ਹੁੰਦੀਆਂ ਹਨ ਅਤੇ ਉਸ ਵਿਚ ਉਹ ਆਪਣੀ ਅਦਾਕਾਰੀ ਸਮਰੱਥਾ ਨੂੰ ਉਸਦੇ ਸਿਖਰ ਤਕ ਪਹੁੰਚਾ ਸਕਦੇ ਹਨ।

ਸੇਂਟ ਆਫ ਏ ਵੂਮਨ ਬਾਰੇ ਸੋਚੋ। ਉਸਦੇ ਮੂਲ ਇਤਾਲਵੀ ਵਰਸ਼ਨ ਵਿਚ ਬਿਤੋਰਿਯੋ ਗੈਸਮੈਨ ਦੀ ਭੂਮਿਕਾ ਉਸਤੋਂ ਵੀ ਬਿਹਤਰ ਸੀ। ਹੈਰਾਨੀ ਨਹੀਂ ਕਿ ਰਿਤਿਕ ਰੋਸ਼ਨ, ਅਮਿਤਾਭ ਬਚਨ ਅਤੇ ਸ਼ਾਹਰੁਖ ਹੁਣ ਇਸ ਤਰ੍ਹਾਂ ਦੀਆਂ ਭੂਮਿਕਾਵਾਂ  ਨਿਭਾਉਣਾ ਚਾਹੁੰਦੇ ਹਨ। ਪੱਕੇ ਤੌਰ ‘ਤੇ ਕਹਿਣ ਲਈ ਅਤੀਤ ਵਿਚ ਸਪਰਸ਼ ਅਤੇ ਖਾਮੋਸ਼ ਜਿਹੀਆਂ ਕੁਝ ਫਿਲਮਾਂ ਬਣੀਆਂ ਹਨ। ਪਰ ਫਿਰ ਵੀ ਇਹੋ ਜਿਹੀਆਂ ਫਿਲਮਾਂ ਦੀ ਗਿਣਤੀ ਬਹੁਤ ਘੱਟ ਹੈ। ਮੇਰੀ ਇਕਮਾਤਰ ਚਿੰਤਾ ਇਹ ਹੈ ਕਿ ਇੰਨੀ ਜਲਦਬਾਜ਼ੀ ਵਿਚ ਇਸ ਵਿਸ਼ੇ ’ਤੇ ਇਨੀਆਂ ਢੇਰ ਸਾਰੀਆਂ ਫਿਲਮਾਂ ਅਪਾਹਜਪੁਣੇ ਦੀ ਗਲਤ ਵਿਆਖਿਆ ਕਰ ਸਕਦੀ ਹੈ, ਉਸਨੂੰ ਭਟਕਾ ਸਕਦੀ ਹੈ। ਜਿਵੇਂ ਕਿ ਬਲੈਕ ਵਿਚ ਉਸ ਛੋਟੀ ਬੱਚੀ ਦਾ ਕੰਟਰੋਲ ਵਿਚ ਨਾ ਹੋਣਾ ਅਤੇ ਜੰਗਲੀ ਦਿਖਾਇਆ ਗਿਆ ਸੀ। ਅਮਿਤਾਭ ਬੱਚਨ ਦਾ ਚਰਿਤਰ ਨਿਭਾਉਣ ਵਾਲੇ ਨੂੰ ਅਲਮਾਈਜਰ ਨਾਲ ਪੀੜਿਤ ਦਿਖਾਉਣਾ ਸੀ, ਜਦਕਿ ਇਦਾਂ ਲੱਗਦਾ ਸੀ ਕਿ ਉਹ ਪਾਰਿਕਸਨ ਦੀ ਬਿਮਾਰੀ ਤੋਂ ਵੀ ਪੀੜਤ ਹੈ। ਇਸ ਨਾਲ ਵੀ ਅੱਗੇ ਵਧਕੇ ਵੱਡੇ ਹੋਣ ਦੇ ਬਾਅਦ ਰਾਣੀ ਮੁਖਰਜੀ ਨੂੰ ਚਾਰਲੀ ਚੈਪਿਲਨ ਦੀ ਤਰ੍ਹਾਂ ਇਕ ਛੜੀ ਲੈ ਕੇ ਚਲਦੇ ਦਿਖਾਇਆ ਗਿਆ ਹੈ। ਰਾਣੀ ਮੁਖਰਜੀ ਦੇ ਕਿਰਦਾਰ ਵਿਚ ਰਾਜਕਪੂਰ ਦੀ ਵੀ ਛਾਇਆ ਸੀ।

ਸੁਝਾਅ ਇਹੋ ਹੈ ਕਿ ਇਹੋ ਜਿਹੀਆਂ ਭੂਮਿਕਾਵਾਂ ਵਿਚ ਕੋਈ ਮੈਡੀਕਲ ਐਕਸਪਰਟ ਸੈੱਟ ’ਤੇ ਮੌਜੂਦ ਹੋਣਾ ਚਾਹੀਦਾ। -ਮਧੂ ਜੈਨ